# ਰਾਮ ਰਾਇ ਸੋ ਦੂਲਹੁ ਪਾਇਓ

ਆਸਾ ॥
ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ ॥
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ ॥੧॥

ਇਹ ਸ਼ਬਦ ਭਗਤ ਕਬੀਰ ਜੀ ਦਾ ਆਸਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ। ਇਸ ਸ਼ਬਦ ਵਿਚ ਭਗਤ ਜੀ ਨੇ ਆਪਣੇ, ਗੁਰੂ/ਪ੍ਰਭੂ ਨਾਲ ਅਧਿਆਤਮਕ ਵਿਆਹ ਬਾਰੇ ਦਸਿਆ ਹੈ। ਭਗਤ ਜੀ ਨੇ ਬਹੁਤ ਭਾਵ-ਪੂਰਤ ਸ਼ਬਦਾਂ ਦੀ ਵਰਤੋਂ ਕੀਤੀ ਹੈ। ਕਿਉਂਕਿ, ਦੁਨਿਆਵੀ ਸਾਰੇ ਰਿਸ਼ਤਿਆਂ ਵਿਚ ਮਿਲਾਪ ਸਿਰਫ਼ ਪਤੀ-ਪਤਨੀ ਦਾ ਹੀ ਹੁੰਦਾ ਹੈ, ਇਸੇ ਕਰਕੇ ਉਨ੍ਹਾਂ ਨੇ ਗੁਰੂ-ਪ੍ਰਭੂ ਨਾਲ ਮਿਲਾਪ ਲਈ ਪਤੀ-ਪਤਨੀ ਦੇ ਮਿਲਾਪ ਵਾਲੀ ਹੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਗੁਰੂ-ਪਤੀ ਨਾਲ ਮਿਲਾਪ ਪ੍ਰਗਟ ਕਰਨ ਲਈ ਕਿਸੇ ਵੀ ਭਾਸ਼ਾ ਵਿਚ, ਹੋਰ ਕੋਈ ਵੀ ਸ਼ਬਦਾਵਲੀ ਮੌਜੂਦ ਨਹੀਂ।

ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਜਿਵੇਂ ਵਿਆਹ ਤੋਂ ਪਹਿਲਾਂ, ਹੋਣ ਵਾਲੀ ਦੁਲਹਨ ਨੂੰ ਸਜਾਇਆ ਜਾਂਦਾ ਹੈ, ਉਸੇ ਤਰ੍ਹਾਂ ਗੁਰੂ-ਪ੍ਰਭੂ ਨਾਲ ਵਿਆਹ ਕਰਨ ਲਈ ਮੈਂ ਆਪਣਾ ਗੁਣਾਂ ਭਰਪੂਰ ਸ਼ਿੰਗਾਰ ਕੀਤਾ ਹੈ। ਮੈਂ ਆਪਣੇ ਸਰੀਰ ਨੂੰ ਲਲਾਰੀ ਵਾਲੀ ਮੱਟੀ ਬਣਾਇਆ ਹੈ, ਉਸ ਵਿਚ ਆਪਣੀ ਆਤਮਾ ਨੂੰ ਉਨ੍ਹਾਂ ਗੁਣਾਂ ਨਾਲ ਰੰਗ ਲਿਆ ਹੈ ਜੋ ਮੇਰੇ ਹੋਣ ਵਾਲੇ ਗੁਰੂ-ਪਤੀ ਨੂੰ ਭਾਉਂਦੇ ਹਨ ਅਤੇ ਇਨ੍ਹਾਂ ਗੁਣਾਂ ਨੂੰ ਹੀ ਬਰਾਤੀ ਬਣਾਇਆ ਹੈ।
ਹੁਣ ਮੈਂ ਆਪਣੇ ਗੁਰੂ-ਪਤੀ ਨਾਲ ਲਾਵਾਂ ਲੈ ਰਹੀ ਹਾਂ ਅਤੇ ਮੈਂ ਆਪਣੀ ਆਤਮਾ ਨੂੰ ਉਸ ਦੇ ਪਿਆਰ ਵਿਚ ਰੰਗ ਲਿਆ ਹੈ।੧।

## ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥
## ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥

ਹੇ ਨਵ-ਵਿਆਹੁਤਾ ਸਖੀਓ ! ਮੰਗਲ ਮਈ ਸੁਹਾਗ ਦੇ ਗੀਤ ਗਾਓ, ਮੇਰੇ ਘਰ, ਮੈਨੂੰ ਵਿਆਹੁਣ ਲਈ ਮੇਰਾ ਗੁਰੂ-ਪ੍ਰਭੂ ਪਿਆਰਾ ਆਇਆ ਹੈ।੧।ਰਹਾਉ।

## ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥
## ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥੨॥

ਮੈਂ ਆਪਣੇ ਸਰੀਰ ਦੀ ਨਾਭਿ-ਕਮਲ ਵਿਚ ਆਪਣੇ ਦੁਲਹੇ ਨਾਲ ਬੈਠਣ ਲਈ ਵੇਦੀ ਬਣਾਈ ਹੈ ਤੇ ਉਹ ਸਿਮਰਨ ਵੀ ਕੀਤਾ ਹੈ ਜਿਸ ਨਾਲ ਬ੍ਰਹਮਗਿਆਨ ਦੀ ਪ੍ਰਾਪਤੀ ਹੁੰਦੀ ਹੈ। ਮੈਨੂੰ ਆਪਣਾ ਗੁਰੂ ਹੀ, ਦੁਲਹੇ ਦੇ ਰੂਪ ਵਿਚ ਮਿਲ ਗਿਆ ਹੈ, ਮੇਰੇ ਇਤਨੇ ਵਡੇ ਭਾਗ ਹਨ।੨।

# ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ ॥
# ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥੩॥੨॥੨੪॥

ਮੇਰਾ, ਮੇਰੇ ਗੁਰੂ ਨਾਲ ਹੁੰਦੇ ਇਸ ਵਿਆਹ ਦੇ ਕੌਤਕ ਨੂੰ ਵੇਖਣ ਲਈ ਦੇਵ ਲੋਕ ਦੇ ਦੇਵਤੇ, ਭਗਤ ਜਨ, ਮੁਨੀ ਆਦਿ ਸਭ ਆਪੋ ਆਪਣੇ ਵਿਮਾਨਾਂ ਤੇ ਚੜ੍ਹ ਕੇ ਆਏ ਹਨ।
ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਸਾਰੇ ਵੇਖੋ ! ਮੈਂਨੂੰ ਮੇਰਾ ਗੁਰੂ/ਭਗਵਾਨ ਪੁਰਖ, ਵਿਆਹ ਕੇ ਲੈ ਚਲਿਆ ਹੈ।
ਇਸ ਸ਼ਬਦ ਵਿਚ ਭਗਤ ਕਬੀਰ ਜੀ ਨੇ ਗੁਰੂ ਪਰਮਾਤਮਾ ਨਾਲ ਪੂਰਣ ਮਿਲਾਪ ਦੀ ਅਵੱਸਥਾ ਦਾ ਬਿਆਨ ਕੀਤਾ ਹੈ, ਭਾਵੇਂ ਇਸ ਲਈ ਉਨ੍ਹਾਂ ਨੇ ਸੰਸਾਰਿਕ ਵਿਆਹ ਦੀ ਹੀ ਸ਼ਬਦਾਵਲੀ ਵਰਤੀ ਹੈ।
ਗੁਰਬਾਣੀ ਵਿਚ ਸਾਰੇ ਬਾਣੀ-ਕਾਰਾਂ ਨੇ ਗੁਰੂ/ਪ੍ਰਭੂ ਨਾਲ ਮਿਲਾਪ ਲਈ ਪਤੀ ਪਤਨੀ ਦੇ ਰਿਸ਼ਤੇ ਅਤੇ ਮਿਲਾਪ ਦੀ ਸ਼ਬਦਾਵਲੀ ਆਮ ਵਰਤੀ ਹੈ। ਭਾਵੇਂ, ਗੁਰੂ/ਪ੍ਰਭੂ ਨਾਲ ਹੋਰ ਵੀ ਰਿਸ਼ਤਿਆਂ ਦੀ ਸ਼ਬਦਾਵਲੀ ਵੀ ਵਰਤੀ ਗਈ ਹੈ, ਜਿਵੇਂ ਪਿਤਾ, ਮਾਤਾ, ਬੰਧਪ, ਭ੍ਰਾਤਾ, ਸਖਾ ਆਦਿ, ਪਰ ਇਸ ਦੀ ਗਿਣਤੀ ਕਾਫ਼ੀ ਘਟ ਹੈ। ਮੂਲ ਰੂਪ ਵਿਚ ਤਾਂ ਇਸ ਵਿਚ ਮਿਲਾਪ ਵਾਲੀ ਹੀ ਜ਼ਿਆਦਾਤਰ ਸ਼ਬਦਾਵਲੀ, ਪਤੀ ਪਤਨੀ ਵਾਲੀ ਹੀ ਵਰਤੀ ਗਈ ਹੈ। ਉਸ ਨੂੰ ਖਸਮ ਮੰਨਿਆਂ ਗਿਆ ਹੈ। ਉਸਨੂੰ ਕੰਤ ਜਾਂ ਪਿਰ, ਭਾਵ ਪਤੀ ਅਤੇ ਭਗਤ ਨੂੰ ਨਾਰਿ ਅਤੇ ਬਹੁਰੀਆ, ਭਾਵ, ਪਤਨੀ ਅਤੇ ਵਹੁਟੀ ਕਿਹਾ ਹੈ – 'ਤੁਮਹਿ ਸੁ ਕੰਤ ਨਾਰਿ ਹਮ ਸੋਈ।।' – 'ਹਰਿ ਮੇਰੇ ਪਿਰੁ ਹਉ ਹਰਿ ਕੀ ਬਹੁਰੀਆ।।' ਫ਼ਿਰ ਬਚਨ ਕੀਤਾ ਹੈ ਕਿ ਜੋ ਜੀਵ ਇਸਤਰੀ ਪਤੀ ਪ੍ਰਭੂ ਨੂੰ ਭਾਅ ਜਾਂਦੀ ਹੈ ਉਹ ਧੰਨ ਹੈ ਅਤੇ ਉਹ ਸੁਹਾਗਣ ਹੋਣ ਕਰਕੇ , ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੀ ਹੈ – 'ਧੰਨਿ ਸੁਹਾਗਨਿ ਜੋ ਪੀਅ ਭਾਵੈ।। ਕਹਿ ਕਬੀਰ ਫਿਰਿ ਜਨਮ ਨ ਆਵੈ।।'

ਸੂਫ਼ੀ ਮੱਤ ਵਿਚ ਵੀ ਭਗਤ ਨੂੰ ਮਾਸ਼ੂਕਾ ਅਤੇ ਮੁਰਸ਼ਦ, ਭਾਵ, ਗੁਰੂ

ਨੂੰ ਆਸ਼ਕ ਮੰਨਿਆਂ ਜਾਂਦਾ ਹੈ।

Last modified: 8 Apr 2020